26 ਮਾਰਚ, 2024

# ਬਿਹਤਰ ਓਨਟੈਰੀਓ ਦਾ ਨਿਰਮਾਣ ਕਰਨਾ

## *2024 ਬਜਟ* ਓਨਟੈਰੀਓ ਦੀ ਅਰਥਵਿਵਸਥਾ ਦਾ ਮੁੜ ਨਿਰਮਾਣ ਕਰਨ ਲਈ ਯੋਜਨਾ ਡਲਿਵਰ ਕਰਦਾ ਹੈ

ਟੋਰਾਂਟੋ — ਅੱਜ ਵਿੱਤ ਮੰਤਰੀ Peter Bethlenfalvy ਨੇ *2024 ਬਜਟ: ਬਿਹਤਰ ਓਨਟੈਰੀਓ ਦਾ ਨਿਰਮਾਣ ਕਰਨਾ* ਜਾਰੀ ਕੀਤਾ। ਦੁਨੀਆ ਦੇ ਬਾਕੀ ਹਿੱਸਿਆਂ ਵਾਂਗ, ਓਨਟੈਰੀਓ ਦਾ ਉੱਚ ਵਿਆਜ ਦਰਾਂ ਅਤੇ ਗਲੋਬਲ ਅਸਥਿਰਤਾ ਕਾਰਨ ਆਰਥਿਕ ਅਨਿਸ਼ਚਿਤਤਾ ਦਾ ਸਾਹਮਣਾ ਕਰਨਾ ਜਾਰੀ ਹੈ।

ਇਹ ਚੁਣੌਤੀਆਂ ਓਨਟੈਰੀਓ ਦੇ ਪਰਿਵਾਰਾਂ ਅਤੇ ਉਨ੍ਹਾਂ ਦੇ ਵਿੱਤ ਦੇ ਨਾਲ-ਨਾਲ ਸੂਬੇ ਦੇ ਵਿੱਤ 'ਤੇ ਦਬਾਅ ਪਾ ਰਹੀਆਂ ਹਨ। ਇਹਨਾਂ ਚੁਣੌਤੀਆਂ ਦੇ ਬਾਵਜੂਦ, ਓਨਟੈਰੀਓ ਹੋਰ ਘਰਾਂ ਨੂੰ ਤੇਜ਼ੀ ਨਾਲ ਬਣਾਉਣ ਲਈ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕਰਕੇ, ਵੱਡੀਆਂ ਤਨਖਾਹਾਂ ਦੇ ਨਾਲ ਬਿਹਤਰ ਨੌਕਰੀਆਂ ਨੂੰ ਆਕਰਸ਼ਿਤ ਕਰਕੇ, ਪਰਿਵਾਰਾਂ ਅਤੇ ਕਾਰੋਬਾਰਾਂ ਲਈ ਲਾਗਤਾਂ ਨੂੰ ਘੱਟ ਰੱਖ ਕੇ, ਅਤੇ ਸੰਤੁਲਨ ਦਾ ਰਸਤਾ ਬਰਕਰਾਰ ਰੱਖ ਕੇ ਆਪਣੀ ਨਿਰਮਾਣ ਦੀ ਯੋਜਨਾ (Plan to Build) ਜਾਰੀ ਰੱਖ ਰਿਹਾ ਹੈ।

ਮੰਤਰੀ Bethlenfalvy ਨੇ ਕਿਹਾ, "ਗਲੋਬਲ ਆਰਥਿਕ ਅਨਿਸ਼ਚਿਤਤਾ ਅਤੇ ਉੱਚ ਵਿਆਜ ਦਰਾਂ ਜੋ ਓਨਟੈਰੀਓ ਦੇ ਪਰਿਵਾਰਾਂ ਉੱਤੇ ਲਗਾਤਾਰ ਦਬਾਅ ਬਣਾਉਂਦੀਆਂ ਹਨ ਦੇ ਮੱਦੇਨਜ਼ਰ, ਸਾਡੀ ਸਰਕਾਰ ਟੈਕਸ ਵਧਾਏ ਬਿਨਾਂ ਓਨਟੈਰੀਓ ਦੀ ਅਰਥ ਵਿਵਸਥਾ ਦਾ ਮੁੜ ਨਿਰਮਾਣ ਕਰਨ ਲਈ ਨਿਵੇਸ਼ ਕਰਕੇ ਇੱਕ ਜ਼ਿੰਮੇਵਾਰ ਪਹੁੰਚ ਅਪਣਾ ਰਹੀ ਹੈ।" "ਜਿਵੇਂ ਅਸੀਂ ਨਵੀਆਂ ਸੜਕਾਂ, ਹਾਈਵੇਅ ਅਤੇ ਉੱਤਰੀ ਅਮਰੀਕਾ ਵਿੱਚ ਸਭ ਤੋਂ ਵੱਡੇ ਜਨਤਕ ਆਵਾਜਾਈ ਦੇ ਵਿਸਥਾਰ ਸਮੇਤ ਮੁੱਖ ਜਨਤਕ ਸੇਵਾਵਾਂ ਅਤੇ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕਰਦੇ ਹਾਂ, ਅਸੀਂ ਅਜਿਹੇ ਸਮੇਂ ਵਿੱਚ ਖਰਚਿਆਂ ਨੂੰ ਓਨਟੈਰੀਓ ਦੇ ਮਿਹਨਤੀ ਪਰਿਵਾਰਾਂ ਜਾਂ ਮਿਉਂਸਪੈਲਟੀਆਂ 'ਤੇ ਆਫਲੋਡ ਕਰਨ ਤੋਂ ਇਨਕਾਰ ਕਰਦੇ ਹਾਂ ਜਦੋਂ ਉਹ ਲਾਗਤਾਂ ਘੱਟ ਰੱਖਣ ਲਈ ਸਾਡੇ 'ਤੇ ਭਰੋਸਾ ਕਰ ਰਹੇ ਹਨ।"

ਸੂਬੇ ਦੀਆਂ ਕਾਰਵਾਈਆਂ ਦੀਆਂ ਹਾਈਲਾਈਟਾਂ ਵਿੱਚ ਸ਼ਾਮਲ ਹਨ:

- ਨਵੇਂ ਮਿਊਂਸੀਪਲ ਹਾਊਸਿੰਗ ਇਨਫਰਾਸਟ੍ਰਕਚਰ ਪ੍ਰੋਗਰਾਮ (Municipal Housing Infrastructure Program) ਵਿੱਚ $1 ਬਿਲੀਅਨ ਦਾ ਨਿਵੇਸ਼ ਕਰਕੇ ਹੋਰ ਘਰ ਬਣਾਉਣ ਵਿੱਚ ਮਦਦ ਕਰਨਾ ਅਤੇ ਹਾਊਸਿੰਗ-ਇਨੇਬਲਿੰਗ ਵਾਟਰ ਸਿਸਟਮ ਫੰਡ (Housing-Enabling Water Systems Fund) ਨੂੰ ਕੁੱਲ $825 ਮਿਲੀਅਨ ਤੱਕ ਚੌਗੁਣਾ ਕਰਕੇ ਨਗਰਪਾਲਿਕਾਵਾਂ ਨੂੰ ਆਪਣੇ ਆਵਾਸ ਟੀਚਿਆਂ ਤੱਕ ਪਹੁੰਚਣ ਲਈ ਲੋੜੀਂਦੇ ਮਹੱਤਵਪੂਰਨ ਬੁਨਿਆਦੀ ਢਾਂਚੇ ਦੀ ਮੁਰੰਮਤ ਅਤੇ ਵਿਸਤਾਰ ਵਿੱਚ ਮਦਦ ਕਰਨਾ।
- ਤਿੰਨ ਸਾਲਾਂ ਵਿੱਚ $546 ਮਿਲੀਅਨ ਦੇ ਕੁੱਲ ਵਾਧੂ ਨਿਵੇਸ਼ ਨਾਲ ਲਗਭਗ 600,000 ਲੋਕਾਂ ਨੂੰ ਪ੍ਰਾਇਮਰੀ ਹੈਲਥ ਕੇਅਰ ਨਾਲ ਜੋੜਨਾ।
- ਨਵੀਆਂ ਅਤੇ ਅੱਪਗ੍ਰੇਡ ਕੀਤੀਆਂ ਖੇਡ, ਮਨੋਰੰਜਨ ਅਤੇ ਕਮਿਊਨਿਟੀ ਸਹੂਲਤਾਂ ਵਿੱਚ ਨਿਵੇਸ਼ ਕਰਕੇ ਪੂਰੇ ਓਨਟੈਰੀਓ ਵਿੱਚ ਭਾਈਚਾਰਿਆਂ ਨੂੰ ਮਜ਼ਬੂਤ ਕਰਨ ਲਈ ਇੱਕ ਨਵਾਂ $200 ਮਿਲੀਅਨ ਕਮਿਊਨਿਟੀ ਸਪੋਰਟ ਅਤੇ ਮਨੋਰੰਜਨ ਬੁਨਿਆਦੀ ਢਾਂਚਾ ਫੰਡ (Community Sport and Recreation Infrastructure Fund) ਸ਼ੁਰੂ ਕਰਨਾ।
- ਵੱਡੀਆਂ ਘਟਨਾਵਾਂ ਅਤੇ ਗੰਭੀਰ ਅਪਰਾਧਾਂ ਲਈ ਵਧੀਆਂ ਹੋਈਆਂ ਗਸ਼ਤਾਂ ਅਤੇ ਜਵਾਬ ਦੇਣ ਦੇ ਤੇਜ਼ ਸਮਿਆਂ ਦਾ ਸਮਰਥਨ ਕਰਕੇ, ਗ੍ਰੇਟਰ ਟੋਰਾਂਟੋ ਏਰੀਏ ਵਿੱਚ ਕਮਿਊਨਿਟੀ ਸੁਰੱਖਿਆ ਨੂੰ ਵਧਾਉਣ ਲਈ, ਚਾਰ ਪੁਲਿਸ ਹੈਲੀਕਾਪਟਰਾਂ ਦੀ ਖਰੀਦ ਸਮੇਤ, ਤਿੰਨ ਸਾਲਾਂ ਵਿੱਚ $46 ਮਿਲੀਅਨ ਦਾ ਨਿਵੇਸ਼ ਕਰਨਾ।

- ਗੈਸੋਲੀਨ ਟੈਕਸ ਦਰ ਵਿੱਚ 5.7 ਸੇਂਟ ਪ੍ਰਤੀ ਲੀਟਰ ਅਤੇ ਈਂਧਨ (ਡੀਜ਼ਲ) ਟੈਕਸ ਦਰ ਵਿੱਚ 5.3 ਸੇਂਟ ਪ੍ਰਤੀ ਲੀਟਰ ਦੀ ਅਸਥਾਈ ਕਟੌਤੀ ਨੂੰ 31 ਦਸੰਬਰ, 2024 ਤੱਕ ਵਧਾਉਣ ਦਾ ਪ੍ਰਸਤਾਵ ਦੇ ਕੇ ਲੋਕਾਂ ਅਤੇ ਕਾਰੋਬਾਰਾਂ ਲਈ ਲਾਗਤਾਂ ਨੂੰ ਘੱਟ ਰੱਖਣਾ। ਇਸ ਨਾਲ ਜੁਲਾਈ-2022 ਵਿੱਚ ਪਹਿਲੀ ਵਾਰ ਕਟੌਤੀਆਂ ਸ਼ੁਰੂ ਕੀਤੇ ਜਾਣ ਤੋਂ ਬਾਅਦ ਓਨਟੈਰੀਓ ਦੇ ਪਰਿਵਾਰਾਂ ਦੀ ਔਸਤਨ $320 ਦੀ ਬਚਤ ਹੋਵੇਗੀ। ਇਹ ਰਾਹਤ ਖਾਸ ਤੌਰ 'ਤੇ ਮਹੱਤਵਪੂਰਨ ਹੈ ਕਿਉਂਕਿ ਫੈਡਰਲ ਕਾਰਬਨ ਟੈਕਸ 1 ਅਪ੍ਰੈਲ, 2024 ਨੂੰ ਵਧਣ ਲਈ ਸੈੱਟ ਕੀਤਾ ਗਿਆ ਹੈ।
- ਹੁਨਰ ਵਿਕਾਸ ਫੰਡ ਸਿਖਲਾਈ ਸਟ੍ਰੀਮ (Skills Development Fund Training Stream) ਰਾਹੀਂ 2024-25 ਵਿੱਚ $100 ਮਿਲੀਅਨ ਦੇ ਵਾਧੂ ਨਿਵੇਸ਼ ਨਾਲ ਆਪਣੇ ਕਰੀਅਰਾਂ ਨੂੰ ਅੱਗੇ ਵਧਾਉਣ ਵਾਸਤੇ ਲੋੜੀਂਦੇ ਹੁਨਰਾਂ ਨੂੰ ਪ੍ਰਾਪਤ ਕਰਨ ਲਈ ਕਾਮਿਆਂ ਅਤੇ ਨੌਕਰੀ ਭਾਲਣ ਵਾਲਿਆਂ ਦੀ ਮਦਦ ਕਰਨਾ।
- ਅਸਥਿਰ ਰਿਹਾਇਸ਼ੀ ਸਥਿਤੀਆਂ ਦਾ ਸਾਹਮਣਾ ਕਰ ਰਹੇ ਵਿਅਕਤੀਆਂ ਦਾ ਸਮਰਥਨ ਕਰਨਾ ਅਤੇ ਕਮਜ਼ੋਰ ਲੋਕਾਂ ਦੀ ਸਹਾਇਤਾ ਲਈ ਤਿਆਰ ਕੀਤੀਆਂ ਗਈਆ ਵੱਖ-ਵੱਖ ਸਹਾਇਕ ਹਾਊਸਿੰਗ ਪਹਿਲਕਦਮੀਆਂ ਲਈ ਤਿੰਨ ਸਾਲਾਂ ਵਿੱਚ ਵਾਧੂ $152 ਮਿਲੀਅਨ ਦਾ ਨਿਵੇਸ਼ ਕਰਕੇ ਅਤੇ ਮਾਨਸਿਕ ਸਿਹਤ ਅਤੇ ਨਸ਼ੇ ਦੀਆਂ ਚੁਣੌਤੀਆਂ ਨਾਲ ਨਜਿੱਠਣਾ।

ਮੰਤਰੀ Bethlenfalvy ਨੇ ਕਿਹਾ, "ਸਾਡੀ ਜ਼ਿੰਮੇਵਾਰ ਪਹੁੰਚ ਸੰਤੁਲਨ ਦਾ ਰਸਤਾ ਬਰਕਰਾਰ ਰੱਖਦੇ ਹੋਏ ਸਾਨੂੰ ਓਨਟੈਰੀਓ ਦੇ ਪਰਿਵਾਰਾਂ, ਵਰਕਰਾਂ ਅਤੇ ਨਗਰ ਪਾਲਿਕਾਵਾਂ ਦੀ ਸਹਾਇਤਾ ਕਰਨ ਦੀ ਇਜਾਜ਼ਤ ਦਿੰਦੀ ਹੈ। "ਅਸੀਂ ਮਜ਼ਬੂਤ ਭਾਈਚਾਰੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਬਿਹਤਰ ਮੌਕੇ ਬਣਾਉਣ ਵਿੱਚ ਮਦਦ ਕਰਨ ਲਈ ਸਮਝਦਾਰੀ ਨਾਲ ਨਿਵੇਸ਼ ਕਰਦੇ ਰਹਾਂਗੇ।"

## *ਸੰਖੇਪ ਤੱਥ*

- 2023-24 ਲਈ, ਸਰਕਾਰ $3.0 ਬਿਲੀਅਨ ਦੇ ਘਾਟੇ ਦਾ ਅਨੁਮਾਨ ਲਗਾ ਰਹੀ ਹੈ। ਸੰਤੁਲਨ ਦੇ ਆਪਣੇ ਮਾਰਗ ਦੇ ਹਿੱਸੇ ਵਜੋਂ, ਸਰਕਾਰ 2026-27 ਵਿੱਚ $0.5 ਬਿਲੀਅਨ ਦੇ ਸਰਪਲੱਸ ਤੱਕ ਪਹੁੰਚਣ ਤੋਂ ਪਹਿਲਾਂ, 2024-25 ਵਿੱਚ $9.8 ਬਿਲੀਅਨ ਅਤੇ 2025-26 ਵਿੱਚ $4.6 ਬਿਲੀਅਨ ਦੇ ਘਾਟੇ ਦਾ ਅਨੁਮਾਨ ਲਗਾ ਰਹੀ ਹੈ।
- ਓਨਟੈਰੀਓ ਦੀ ਅਸਲ GDP 2023 ਵਿੱਚ ਅੰਦਾਜ਼ਨ 1.2 ਪ੍ਰਤੀਸ਼ਤ ਵਧੀ ਹੈ ਅਤੇ 2024 ਵਿੱਚ 0.3 ਪ੍ਰਤੀਸ਼ਤ, 2025 ਵਿੱਚ 1.9 ਪ੍ਰਤੀਸ਼ਤ, 2026 ਵਿੱਚ 2.2 ਪ੍ਰਤੀਸ਼ਤ ਅਤੇ 2027 ਵਿੱਚ 2.2 ਪ੍ਰਤੀਸ਼ਤ ਵਧਣ ਦਾ ਅਨੁਮਾਨ ਹੈ। ਵਿਵੇਕਪੂਰਣ ਵਿੱਤੀ ਯੋਜਨਾਬੰਦੀ ਦੇ ਉਦੇਸ਼ਾਂ ਲਈ, ਇਹ ਅਨੁਮਾਨ ਨਿੱਜੀ-ਖੇਤਰ ਪੂਰਵ ਅਨੁਮਾਨਾਂ ਦੀ ਔਸਤ ਤੋਂ ਥੋੜ੍ਹਾ ਘੱਟ ਹਨ।

ਵਾਧੂ ਸਰੋਤ

*2024 ਬਜਟ: ਬਿਹਤਰ ਓਨਟੈਰੀਓ ਦਾ ਨਿਰਮਾਣ ਕਰਨਾ ਪੜ੍ਹੋ*

*ਬਜਟ 2024* ਦੀਆਂ ਹਾਈਲਾਈਟਾਂ ਪੜ੍ਹੋ

*ਬੈਕਗਰਾਊਂਡਰ: ਆਰਥਿਕ ਅਤੇ ਵਿੱਤੀ ਸਾਰ ਪੜ੍ਹੋ*

*ਓਨਟੈਰੀਓ ਆਰਥਿਕ ਦ੍ਰਿਸ਼ਟੀਕੋਣ ਅਤੇ ਵਿੱਤੀ ਸਮੀਖਿਆ ਇੱਕੱਠੇ ਮਿਲ ਕੇ ਮਜ਼ਬੂਤ ਓਨਟੈਰੀਓ ਦਾ ਨਿਰਮਾਣ ਕਰਨਾ ਪੜ੍ਹੋ*

ਮੀਡੀਆ ਸੰਪਰਕ

Colin Blachar
**ਮੰਤਰੀ ਦਾ ਦਫਤਰ**
416-325-0400
Colin.Blachar@ontario.ca

Scott Blodgett
**ਕਮਿਊਨੀਕੇਸ਼ਨਜ਼ ਬ੍ਰਾਂਚ**
416-728-9791
Scott.Blodgett@ontario.ca

ontario.ca/finance-news
*Disponible en français*